# ਐਮਪੀਐਫ (MPF) ਆਫਸੈਟਿੰਗ ਵਿਵਸਥਾ ਦੀ ਸਮਾਪਤੀ ਤੇ ਨੋਟ ਕਰਨ ਲਈ ਪੁਆਇੰਟਸ

勞工處
Labour Department

Points to Note on the Abolition of
MPF Offsetting Arrangement
(Punjabi version)

## ਐਮਪੀਐਫ (MPF) ਆਫਸੈਟਿੰਗ ਵਿਵਸਥਾ ਨੂੰ ਖਤਮ ਕਰਨ ਦੇ ਮੁੱਖ ਬਿੰਦੂ

- ਲਾਜ਼ਮੀ ਪ੍ਰਾਵੀਡੈਂਟ ਫੰਡ (MPF) ਪ੍ਰਣਾਲੀ ਦੇ ਅਧੀਨ ਰੁਜ਼ਗਾਰਦਾਤਾਵਾਂ ਦੇ ਲਾਜ਼ਮੀ ਯੋਗਦਾਨ (ERMC) ਦੇ ਸੰਗ੍ਰਹਿਤ ਲਾਭਾਂ ਨੂੰ ਵੱਖ ਕਰਨ ਦਾ ਭੁਗਤਾਨ (SP) ਅਤੇ ਲੰਬੇ ਸੇਵਾ ਭੁਗਤਾਨਾਂ (LSP)("ਆਫਸੈਟਿੰਗ ਵਿਵਸਥਾ") ਦੇ ਮੁਆਵਜ਼ੇ ਲਈ ਵਰਤੋਂ ਕਰਨ ਦੀ ਸਮਾਪਤੀ 1 ਮਈ, 2025 (ਤਬਦੀਲੀ ਮਿਤੀ) ਤੋਂ ਪ੍ਰਭਾਵੀ ਹੋਵੇਗੀ।
- ਤਬਦੀਲੀ ਦੀ ਮਿਤੀ ਤੋਂ ਬਾਅਦ, ਰੁਜ਼ਗਾਰਦਾਤਾ ਤਬਦੀਲੀ ਮਿਤੀ ਤੋਂ ਸ਼ੁਰੂ ਹੋਣ ਵਾਲੀ ਸੇਵਾ ਦੇ ਸਾਲਾਂ ਦੇ ਸੰਬੰਧ ਵਿੱਚ ਕਰਮਚਾਰੀਆਂ ਦੇ SP/LSP ਨੂੰ ਆਫ਼ਸੈਟ ਕਰਨ ਲਈ ERMC ਦੀ ਵਰਤੋਂ ਨਹੀਂ ਕਰ ਸਕਦੇ ਹਨ। ਰੁਜ਼ਗਾਰਦਾਤਾ ਦੇ ਸਵੈ-ਇੱਛਤ MPF ਯੋਗਦਾਨਾਂ (ERVC) ਅਤੇ ਕਰਮਚਾਰੀ ਦੀ ਸੇਵਾ ਦੇ ਸਾਲਾਂ ਦੇ ਆਧਾਰ ਤੇ ਗ੍ਰੈਚੁਟੀ ਤੋਂ ਪ੍ਰਾਪਤ ਹੋਏ ਲਾਭਾਂ ਦੀ ਵਰਤੋਂ MPF ਆਫਸੈਟਿੰਗ ਵਿਵਸਥਾ ਦੀ ਸਮਾਪਤੀ ਤੋਂ ਬਾਅਦ SP/LSP ਦੇ ਤਬਦੀਲੀ ਤੋਂ ਪਹਿਲਾਂ ਅਤੇ/ਜਾਂ ਤਬਦੀਲੀ ਤੋਂ ਬਾਅਦ ਦੇ ਹਿੱਸੇ ਨੂੰ ਆਫ਼ਸੈਟ ਕਰਨ ਲਈ ਜਾਰੀ ਰੱਖੀ ਜਾ ਸਕਦੀ ਹੈ।
- MPF ਆਫ਼ਸੈਟਿੰਗ ਵਿਵਸਥਾ ਦੀ ਸਮਾਪਤੀ ਦਾ **ਕੋਈ ਪਿਛਲਾ ਪ੍ਰਭਾਵ ਨਹੀਂ** ਹੈ। ਜੇਕਰ ਕੋਈ ਕਰਮਚਾਰੀ ਤਬਦੀਲੀ ਦੀ ਮਿਤੀ ਤੋਂ ਪਹਿਲਾਂ ਹੀ ਰੋਜਗਾਰ ਵਿੱਚ ਹੈ, ਤਾਂ ਤਬਦੀਲੀ ਦੀ ਮਿਤੀ ਤੋਂ ਪਹਿਲਾਂ ਰੋਜਗਾਰ ਦੀ ਮਿਆਦ ਦੇ ਸੰਬੰਧ ਵਿੱਚ ਸਿਰਫ SP/LSP ਨੂੰ ERMC ਤੋਂ ਪ੍ਰਾਪਤ ਹੋਏ ਲਾਭਾਂ ਦੁਆਰਾ ਆਫ਼ਸੈਟ ਕੀਤਾ ਜਾ ਸਕਦਾ ਹੈ।

| | SP/LSP ਦਾ ਤਬਦੀਲੀ ਤੋਂ ਪਹਿਲੇ ਦਾ ਹਿੱਸਾ | | SP/LSP ਦਾ ਤਬਦੀਲੀ ਤੋਂ ਬਾਅਦ ਦਾ ਹਿੱਸਾ | |
|---|---|---|---|---|
| | ਆਫ਼ਸੈਟੇਬਲ | ਗੈਰ-ਆਫ਼ਸੈਟੇਬਲ | ਆਫ਼ਸੈਟੇਬਲ | ਗੈਰ-ਆਫ਼ਸੈਟੇਬਲ |
| ERMC | ✓ | | | ✓ |
| ERVC | ✓ | | ✓ | |
| ਕਰਮਚਾਰੀ ਦੀ ਸੇਵਾ ਦੀ ਮਿਆਦ ਦੇ ਆਧਾਰ ਤੇ ਗ੍ਰੈਚੁਟੀਜ਼ | ✓ | | ✓ | |

- MPF ਆਫਸੈਟਿੰਗ ਵਿਵਸਥਾ ਦੀ ਸਮਾਪਤੀ ਉਹਨਾਂ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੀ ਜੋ ਵਰਤਮਾਨ ਵਿੱਚ MPF ਪ੍ਰਣਾਲੀ ਜਾਂ ਹੋਰ ਕਾਨੂੰਨੀ ਰਿਟਾਇਰਮੈਂਟ ਸਕੀਮਾਂ (ਵਿਦੇਸ਼ੀ ਅਤੇ ਸਥਾਨਕ ਘਰੇਲੂ ਸਹਾਇਕਾਂ, ਅਤੇ 18 ਸਾਲ ਤੋਂ ਘੱਟ ਜਾਂ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕਰਮਚਾਰੀਆਂ ਸਮੇਤ) ਦੁਆਰਾ ਕਵਰ ਨਹੀਂ ਕੀਤੇ ਗਏ ਹਨ।

## MPF ਆਫ਼ਸੈਟਿੰਗ ਵਿਵਸਥਾ ਦੀ ਸਮਾਪਤੀ ਤੋਂ ਬਾਅਦ SP/LSP ਦੀ ਗਣਨਾ

- ਜੇਕਰ ਕੋਈ ਕਰਮਚਾਰੀ ਤਬਦੀਲੀ ਦੀ ਮਿਤੀ ਨੂੰ ਜਾਂ ਇਸ ਤੋਂ ਬਾਅਦ ਰੋਜ਼ਗਾਰ ਸ਼ੁਰੂ ਕਰਦਾ ਹੈ, ਤਾਂ ਰੋਜ਼ਗਾਰ ਆਰਡੀਨੈਂਸ ਵਿੱਚ ਮੌਜੂਦਾ ਉਪਬੰਧਾ ਦੇ ਤਹਿਤ SP/LSP ਦੀ ਗਣਨਾ ਅਤੇ ਸੀਮਾ ਤਬਦੀਲ ਨਹੀਂ ਹੁੰਦੀ:

| ਮਹੀਨਾਵਾਰ ਤਨਖਾਹ ਵਾਲਾ ਕਰਮਚਾਰੀ | ਡੇਲੀ-ਰੇਟੇਡ/ ਪੀਸ-ਰੇਟੇਡ ਕਰਮਚਾਰੀ |
|---|---|
| (ਰੋਜ਼ਗਾਰ ਦੀ ਸਮਾਪਤੀ ਤੋਂ ਪਹਿਲਾਂ ਪਿਛਲੇ ਪੂਰੇ ਮਹੀਨੇ ਦੀ ਤਨਖਾਹ* × 2/3) # × ਸੇਵਾ ਦੇ ਸਾਲ | (ਕੋਈ ਵੀ 18 ਦਿਨਾਂ ਦੀ ਤਨਖਾਹ* ਕਰਮਚਾਰੀ ਦੁਆਰਾ **ਨੌਕਰੀ ਦੀ ਸਮਾਪਤੀ ਤੋਂ ਪਹਿਲਾਂ** ਉਸਦੇ ਆਖਰੀ 30 ਆਮ ਕੰਮਕਾਜੀ ਦਿਨਾਂ ਵਿੱਚੋਂ ਚੁਣੀ ਗਈ)# × ਸੇਵਾ ਦੇ ਸਾਲ |

- ਜੇਕਰ ਕੋਈ ਕਰਮਚਾਰੀ ਤਬਦੀਲੀ ਦੀ ਮਿਤੀ ਤੋਂ ਪਹਿਲਾਂ ਹੀ ਰੋਜ਼ਗਾਰ ਵਿੱਚ ਹੈ, ਤਾਂ SP/LSP ਦੀ ਗਣਨਾ ਨੂੰ ਤਬਦੀਲੀ ਤੋਂ ਪਹਿਲਾਂ ਵਾਲੇ ਹਿੱਸੇ ਅਤੇ ਤਬਦੀਲੀ ਤੋਂ ਬਾਅਦ ਵਾਲੇ ਹਿੱਸੇ ਵਿੱਚ ਵੰਡਿਆ ਜਾਵੇਗਾ:

| ਮਹੀਨਾਵਾਰ ਤਨਖਾਹ ਵਾਲਾ ਕਰਮਚਾਰੀ | ਡੇਲੀ-ਰੇਟੇਡ/ ਪੀਸ-ਰੇਟੇਡ ਕਰਮਚਾਰੀ |
|---|---|
| SP/LSP ਦਾ ਤਬਦੀਲੀ ਤੋਂ ਪਹਿਲਾਂ ਦਾ ਹਿੱਸਾ | |
| (ਪਿਛਲੇ ਪੂਰੇ ਮਹੀਨੇ ਦੀ ਤਨਖਾਹ* ਤਬਦੀਲੀ ਦੀ ਮਿਤੀ ਤੋਂ ਤੁਰੰਤ ਪਹਿਲਾਂ × 2/3)# × ਤਬਦੀਲੀ ਦੀ ਮਿਤੀ ਤੋਂ ਪਹਿਲਾਂ ਸੇਵਾ ਦੇ ਸਾਲ | (ਕੋਈ ਵੀ 18 ਦਿਨਾਂ ਦੀ ਤਨਖਾਹ* **ਤਬਦੀਲੀ ਦੀ ਮਿਤੀ ਤੋਂ ਤੁਰੰਤ ਪਹਿਲਾਂ** ਕਰਮਚਾਰੀ ਦੁਆਰਾ ਉਸਦੇ ਪਿਛਲੇ 30 ਆਮ ਕੰਮਕਾਜੀ ਦਿਨਾਂ ਵਿਚੋਂ ਚੁਣੀ ਗਈ))# × ਤਬਦੀਲੀ ਦੀ ਮਿਤੀ ਤੋਂ ਪਹਿਲਾਂ ਸੇਵਾ ਦੇ ਸਾਲ |
| SP/LSP ਦਾ ਤਬਦੀਲੀ ਤੋਂ ਬਾਅਦ ਦਾ ਹਿੱਸਾ | |
| (ਪਿਛਲੇ ਪੂਰੇ ਮਹੀਨੇ ਦੀ ਤਨਖਾਹ* ਰੋਜ਼ਗਾਰ ਦੀ ਸਮਾਪਤੀ ਤੋਂ ਪਹਿਲਾਂ × 2/3)# × ਤਬਦੀਲੀ ਦੀ ਮਿਤੀ ਤੋਂ ਸ਼ੁਰੂ ਹੋਣ ਵਾਲੇ ਸੇਵਾ ਦੇ ਸਾਲ | (ਕੋਈ ਵੀ 18 ਦਿਨਾਂ ਦੀ ਤਨਖਾਹ* **ਰੋਜ਼ਗਾਰ ਦੀ ਸਮਾਪਤੀ ਤੋਂ ਪਹਿਲਾਂ** ਕਰਮਚਾਰੀ ਦੁਆਰਾ ਉਸਦੇ ਪਿਛਲੇ 30 ਆਮ ਕੰਮਕਾਜੀ ਦਿਨਾਂ ਵਿੱਚੋਂ ਚੁਣੀ ਗਈ)# × **ਤਬਦੀਲੀ ਦੀ ਮਿਤੀ ਤੋਂ ਸ਼ੁਰੂ ਹੋਣ ਵਾਲੇ** ਸੇਵਾ ਦੇ ਸਾਲ |

* ਇੱਕ ਕਰਮਚਾਰੀ ਗਣਨਾ ਲਈ ਤਬਦੀਲੀ ਮਿਤੀ/ਰੋਜ਼ਗਾਰ ਦੀ ਸਮਾਪਤੀ ਤੋਂ ਤੁਰੰਤ ਪਹਿਲਾਂ ਦੇ 12 ਮਹੀਨਿਆਂ ਲਈ ਆਪਣੀ ਔਸਤ ਤਨਖਾਹ ਦੀ ਵਰਤੋਂ ਕਰਨ ਦੀ ਚੋਣ ਵੀ ਕਰ ਸਕਦਾ ਹੈ।

\# ਰਕਮ $22,500 ਦੇ 2/3 ਤੋਂ ਵੱਧ ਨਹੀਂ ਹੋਣੀ ਚਾਹੀਦੀ (ਅਰਥਾਤ $15,000)।

- SP/LSP ਦੀ ਅਧਿਕਤਮ ਰਕਮ $390,000 ਹੈ। ਜੇਕਰ ਕਿਸੇ ਕਰਮਚਾਰੀ ਦੀ ਕੁੱਲ SP/LSP (ਜਿਵੇਂ ਕਿ SP/LSP ਦੀ ਤਬਦੀਲੀ ਤੋਂ ਪਹਿਲਾਂ ਅਤੇ ਬਾਅਦ ਦੇ ਭਾਗਾਂ ਦਾ ਜੋੜ) $390,000 ਤੋਂ ਵੱਧ ਹੈ, ਤਾਂ ਵਾਧੂ ਰਕਮ ਨੂੰ ਤਬਦੀਲੀ ਤੋਂ ਬਾਅਦ ਦੇ ਹਿੱਸੇ ਵਿੱਚੋਂ ਕੱਟਿਆ ਜਾਵੇਗਾ।

ਜ਼ਿਆਦਾਤਰ ਕਰਮਚਾਰੀਆਂ ਲਈ, MPF ਆਫਸੈਟਿੰਗ ਵਿਵਸਥਾ ਦੀ ਸਮਾਪਤੀ ਤੋਂ ਬਾਅਦ ਪ੍ਰਾਪਤ ਹੋਏ ਕੁੱਲ ਲਾਭ (ਜਿਵੇਂ ਕਿ SP/LSP ਪਲੱਸ ਰੁਜ਼ਗਾਰਦਾਤਾ ਦੇ MPF ਯੋਗਦਾਨ ਦੇ ਸੰਗ੍ਰਹਿਤ ਲਾਭ) ਮੌਜੂਦਾ ਆਫਸੈਟਿੰਗ ਵਿਵਸਥਾ ਦੇ ਤਹਿਤ ਪ੍ਰਾਪਤ ਲਾਭਾਂ ਤੋਂ ਵੱਧ ਹੋਣਗੇ। ਵਿਸ਼ੇਸ਼ ਹਾਲਾਤਾਂ ਵਿੱਚ (ਜਿਵੇਂ ਕਿ ਤਬਦੀਲੀ ਦੀ ਮਿਤੀ ਤੋਂ ਬਾਅਦ ਤਨਖਾਹ ਵਿੱਚ ਕਾਫ਼ੀ ਵਾਧਾ, ਤਬਦੀਲੀ ਤੋਂ ਪਹਿਲਾਂ ਲੰਬੀ ਰੁਜ਼ਗਾਰ ਮਿਆਦ, ਤਬਦੀਲੀ ਤੋਂ ਬਾਅਦ ਛੋਟੀ ਰੁਜ਼ਗਾਰ ਮਿਆਦ, ਆਦਿ), ਸਮਾਪਤੀ ਤੋਂ ਬਾਅਦ ਕੁੱਲ ਲਾਭ ਮੌਜੂਦਾ ਆਫਸੈਟਿੰਗ ਵਿਵਸਥਾ ਦੇ ਅਧੀਨ ਮਿਲਣ ਵਾਲੇ ਲਾਭਾਂ ਤੋਂ ਘੱਟ ਹੋ ਸਕਦੇ ਹਨ। ਸਰਕਾਰ ਨੇ ਅਜਿਹੇ ਕਿਸੇ ਵੀ ਮਾਮਲੇ ਵਿੱਚ ਕਮੀ ਦੀ ਭਰਪਾਈ ਕਰਨ ਦਾ ਬੀੜਾ ਚੁੱਕਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਰਮਚਾਰੀਆਂ ਦੇ ਲਾਭਾਂ ਵਿੱਚ ਕਮੀ ਨਾ ਆਵੇ।

ਸਮਾਪਤੀ ਤੋਂ ਬਾਅਦ ਸਰਕਾਰ 25 ਸਾਲਾਂ ਲਈ SP/LSP ਤੇ ਰੁਜ਼ਗਾਰਦਾਤਾਵਾਂ ਦੇ ਖਰਚਿਆਂ ਨੂੰ ਸਾਂਝਾ ਕਰਨ ਲਈ MPF ਆਫਸੈਟਿੰਗ ਵਿਵਸਥਾ ਨੂੰ ਖਤਮ ਕਰਨ ਲਈ ਸਬਸਿਡੀ ਸਕੀਮ ਸ਼ੁਰੂ ਕਰੇਗੀ।

ਆਫਸੈਟਿੰਗ ਵਿਵਸਥਾ ਦੀ ਸਮਾਪਤੀ ਤੇ ਥੀਮੈਟਿਕ ਵੈੱਬਸਾਈਟ:

24-ਘੰਟੇ ਦੀ ਪੁੱਛਗਿੱਛ ਹੌਟਲਾਈਨ: 2717 1771 ("1823" ਦੁਆਰਾ ਸੰਚਾਲਿਤ)

ਨੋਟ: ਇਹ ਪਰਚਾ ਸਿਰਫ ਸਧਾਰਨ ਸ਼ਬਦਾਂ ਵਿੱਚ MPF ਆਫਸੈਟਿੰਗ ਵਿਵਸਥਾ ਦੀ ਸਮਾਪਤੀ ਦੇ ਮੁੱਖ ਬਿੰਦੂਆਂ ਦੀ ਵਿਆਖਿਆ ਕਰਦਾ ਹੈ। ਰੋਜ਼ਗਾਰ ਆਰਡੀਨੈਂਸ ਅਤੇ ਰੋਜ਼ਗਾਰ ਅਤੇ ਰਿਟਾਇਰਮੈਂਟ ਸਕੀਮ ਵਿਧਾਨ (ਆਫਸੈਟਿੰਗ ਵਿਵਸਥਾ) (ਸੰਸ਼ੋਧਨ) ਆਰਡੀਨੈਂਸ 2022 ਕਾਨੂੰਨ ਦੇ ਉਪਬੰਧਾਂ ਲਈ ਇਕਮਾਤਰ ਅਧਿਕਾਰ ਬਣੇ ਹੋਏ ਹਨ।

April 2025
Punjabi version